BCRenal
Provincial Health Services Authority

# ਗੁਰਦੇ ਦੇ ਫੇਲ੍ਹ ਹੋਣ ਵਾਸਤੇ ਟ੍ਰੀਟਮੈਂਟ ਦੀ ਚੋਣ ਕਰਨੀ

## Choosing A Treatment for Kidney Failure (Punjabi)

### (includes all slides with notes)




© BC Renal, December 2020

Provincial Health Services Authority · BC Children's Hospital · fraserhealth · Interior Health · island health · northern health · Providence Health Care · Vancouver Coastal Health

# Section 1:

# ਮੋਡੈਲਿਟੀ ਚੋਣਾਂ – ਪੰਜਾਬੀ

Presentation © BC Renal, December 2020

## *1.1 ਜਾਣ-ਪਛਾਣ*




**Notes:**


ਇਹ ਪੇਸ਼ਕਾਰੀ ਬੀ.ਸੀ. ਰੀਨਲ ਏਜੰਸੀ ਵੱਲੋਂ ਤਿਆਰ ਅਤੇ ਪ੍ਰਸਤੁਤ ਕੀਤੀ ਗਈ ਹੈ।

ਇਸ ਪੇਸ਼ਕਾਰੀ ਵਿੱਚ ਤੁਸੀਂ ਸਿੱਖੋਗੇ ਕਿ ਜਦੋਂ ਤੁਹਾਡੇ ਗੁਰਦੇ ਕੰਮ ਕਰਨਾ ਬੰਦ ਕਰ ਦੇਣ ਉਦੋਂ ਤੁਹਾਡੇ ਕੋਲ ਕਿਹੜਿਆਂ ਕਿਹੜਿਆਂ ਚੋਣਾਂ ਉਪਲਬਧ ਹੁੰਦੀਆਂ ਹਨ। ਇਹ ਜ਼ਰੂਰੀ ਹੈ ਕਿ ਤੁਸੀਂ ਸਾਰੇ ਵਿਕਲਪਾਂ ਨੂੰ ਸਮਝੋ ਤਾਂ ਕਿ ਤੁਸੀਂ ਆਪਣੇ ਲਈ ਸਭ ਤੋਂ ਵਧੀਆ ਚੋਣ ਕਰ ਸਕੋ।

ਆਓ ਸ਼ੁਰੂਆਤ ਕਰੀਏ।


Presentation © BC Renal, December 2020

## *1.2 ਗੁਰਦੇ ਦੇ ਕੰਮ*




**Notes:**


ਗੁਰਦੇ ਸਾਡੀ ਸਮੁੱਚੀ ਸਿਹਤ ਅਤੇ ਸਲਾਮਤੀ ਲਈ ਅਹਿਮ ਹੁੰਦੇ ਹਨ। ਸਿਹਤਮੰਦ ਗੁਰਦੇ ਸਰੀਰ ਵਿੱਚ ਮੌਜੂਦ ਜ਼ਹਿਰੀਲੇ ਪਦਾਰਥ ਬਣ ਕੇ ਸਾਡਾ ਖ਼ੂਨ ਸਾਫ਼ ਕਰਦੇ ਹਨ।

ਗੁਰਦੇ ਫੇਲ੍ਹ ਹੋਣ ਕਾਰਨ ਸਿਹਤ ਵਿੱਚ ਗੰਭੀਰ ਗੁੰਝਲਾਂ ਪੈਦਾ ਹੋ ਸਕਦੀਆਂ ਹਨ।

ਜਿਨ੍ਹਾਂ ਲੋਕਾਂ ਦੇ ਗੁਰਦੇ ਕੰਮ ਕਰਨ ਤੋਂ ਜਵਾਬ ਦੇ ਰਹੇ ਹੋਣ ਉਨ੍ਹਾਂ ਲਈ ਟ੍ਰੀਟਮੈਂਟ ਦੇ ਕਈ ਵਿਕਲਪ ਮੌਜੂਦ ਹਨ। ਅਤੇ ਤੁਹਾਡੇ ਲਈ ਆਪਣੇ ਸਾਰੇ ਵਿਕਲਪ ਸਮਝਣੇ ਜ਼ਰੂਰੀ ਹਨ - ਤਾਂ ਕਿ ਤੁਸੀਂ ਆਪਣੀ ਗੁਰਦਾ ਦੇਖਭਾਲ ਟੀਮ ਦੇ ਸਹਾਰੇ ਨਾਲ - ਆਪਣੀ ਹਾਲਤ ਮੁਤਾਬਕ ਸਭ ਤੋਂ ਵਧੀਆ ਫੈਸਲਾ ਲੈ ਸਕੋ।


Presentation © BC Renal, December 2020

## *1.3 ਤੁਹਾਡੇ ਬਾਰੇ ਵਿੱਚ ਸਭ ਕੁਝ*





**Notes:**

ਇਸ ਚਾਰਟ ਵਿੱਚ ਗੁਰਦੇ ਦੀ ਕਾਰਗੁਜਾਰੀ ਦੇ ਵੱਖ-ਵੱਖ ਪੱਧਰ ਦਿਖਾਏ ਗਏ ਹਨ। ਹੋ ਸਕਦਾ ਹੈ ਕਿ ਤੁਹਾਡੇ ਕੋਲ ਪਹਿਲਾਂ ਤੋਂ ਹੀ ਟੈਸਟ ਦੇ ਕੁਝ ਨਤੀਜੇ ਹੋਣ ਜਿਹੜੇ ਤੁਹਾਡੇ ਜੀ.ਐੱਫ਼.ਆਰ. ਜਾਂ ਗੁਰਦੇ ਦੀ ਕਾਰਗੁਜਾਰੀ ਦੇ ਮੌਜੂਦਾ ਪੱਧਰ ਬਾਰੇ ਦੱਸਦੇ ਹਨ। ਜੇ ਤੁਹਾਨੂੰ ਆਪਣੇ ਜੀ.ਐੱਫ਼.ਆਰ. ਬਾਰੇ ਪਤਾ ਹੈ, ਤਾਂ ਤੁਸੀਂ ਇਹ ਦੇਖਣ ਯੋਗ ਹੋਣੇ ਚਾਹੀਦੇ ਹੋਣ ਕਿ ਤੁਸੀਂ ਇਸ ਚਾਰਟ ਉਪਰ ਕਿੱਥੇ ਫਿੱਟ ਹੁੰਦੇ ਹੋ। ਜੇ ਤੁਹਾਨੂੰ ਆਪਣੇ ਜੀ.ਐੱਫ਼.ਆਰ. ਯਾਦ ਨਹੀਂ ਹੈ, ਤਾਂ ਤੁਹਾਨੂੰ ਆਪਣੇ ਟੈਸਟ ਨਤੀਜਿਆਂ ਤੋਂ ਇਸ ਬਾਰੇ ਪਤਾ ਲਗ ਸਕਦਾ ਹੈ।ਜਾਂ ਤੁਸੀਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਤੋਂ ਇਸ ਬਾਰੇ ਪੁੱਛ ਸਕਦੇ ਹੋ।


Presentation © BC Renal, December 2020

## *1.4 ਤੁਹਾਡੇ ਬਾਰੇ ਵਿੱਚ ਸਭ ਕੁਝ*





**Notes:**

ਆਪਣਾ ਗੁਰਦਾ ਬਦਲਵਾਉਣ ਦੇ ਵਿਕਲਪਾਂ ਬਾਰੇ ਸਿੱਖ ਰਹੇ ਬਹੁਤੇ ਲੋਕ, ਜੀ.ਐੱਫ਼.ਆਰ. ਦੇ 15 ਤੋਂ 29 ਫੀਸਦੀ ਵਾਲੇ ਪੱਧਰ 'ਤੇ ਹੁੰਦੇ ਹਨ, ਇਹ ਪੱਧਰ ਸੰਤਰੀ ਰੰਗ ਦੇ ਬਕਸੇ ਰਾਹੀਂ ਦਰਸਾਇਆ ਗਿਆ ਹੈ।



Presentation © BC Renal, December 2020

## *1.5 ਤੁਹਾਡੇ ਲਈ ਕੀ ਮਹੱਤਵਪੂਰਣ ਹੈ?*




**Notes:**

ਆਪਣੇ ਟ੍ਰੀਟਮੈਂਟ ਦੇ ਵਿਕਲਪਾਂ ਬਾਰੇ ਫੈਸਲਾ ਲੈਂਦੇ ਹੋਏ ਇਹ ਸੋਚਣਾ ਸਭ ਤੋਂ ਵਧੀਆ ਰਹਿੰਦਾ ਹੈ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ। ਵਿਚਾਰ ਕਰਨ ਯੋਗ ਕਈ ਗੱਲਾਂ ਹੁੰਦੀਆਂ ਹਨ। ਜਿਨ੍ਹਾਂ ਵਿਚੋਂ ਕੁਝ ਗੱਲਾਂ ਇਹ ਹਨ।

ਕੀ ਆਪਣੇ ਸਮੇਂ ਦਾ ਹਿਸਾਬ ਆਪ ਰੱਖ ਸਕਣਾ ਤੁਹਾਡੇ ਲਈ ਮਹੱਤਵਪੂਰਨ ਹੈ? ਕੀ ਤੁਸੀਂ ਰੋਜ਼ਾਨਾ ਇਕੋ ਜਿਹੀ ਕਾਰਜ ਕਰਦੇ ਹੋ ਜਾਂ ਕੀ ਤੁਹਾਡੇ ਸਕੈਜੂਅਲ ਵਿੱਚ ਰੋਜ਼ਾਨਾ ਬਹੁਤ ਤਬਦੀਲੀਆਂ ਆਉਂਦੀਆਂ ਹਨ?

ਕੀ ਤੁਸੀਂ ਆਤਮਨਿਰਭਰ ਵਿਅਕਤੀ ਹੋ? ਕੀ ਤੁਸੀਂ ਆਪ ਕੰਮ ਕਰਨਾ ਪਸੰਦ ਕਰਦੇ ਹੋ ਜਾਂ ਕੀ ਤੁਸੀਂ ਦੂਜੀਆਂ ਵੱਲੋਂ ਤੁਹਾਡੇ ਕੰਮਕਾਜ ਕੀਤੇ ਜਾਣ ਨੂੰ ਤਰਜੀਹ ਦਿੰਦੇ ਹੋ?

ਕੀ ਤੁਹਾਡੇ ਦਿਨ ਵਿੱਚ ਅਜਿਹੀਆਂ ਕਈ ਗਤਿਵਿਧੀਆਂ ਹਨ ਜਿਹੜੀਆਂ ਤੁਹਾਡੇ ਲਈ ਮਹੱਤਵਪੂਰਨ ਹਨ?


Presentation © BC Renal, December 2020

ਉਦਾਹਰਨ ਵਜੋਂ, ਕੰਮ 'ਤੇ ਜਾਣਾ, ਵੌਲੰਟੀਅਰ ਕਰਨਾ ਜਾਂ ਪਰਿਵਾਰਕ ਜ਼ਿੰਮੇਵਾਰੀਆਂ?

ਕੀ ਅਜਿਹੀ ਖੁਰਾਕ ਤੁਹਾਡੇ ਲਈ ਅਸਾਨ ਰਹੇਗੀ ਜਿਸ ਵਿੱਚ ਤੁਹਾਡੇ ਖਾਣ-ਪੀਣ ਪਰ ਪਾਬੰਦੀਆਂ ਹੋਣ, ਜਾਂ ਕਿ ਤੁਹਾਨੂੰ ਇਹ ਔਖਾ ਲੱਗੇਗਾ?

ਕੀ ਤੁਸੀਂ ਇੱਕ ਕਾਰਜਸ਼ੀਲ ਵਿਅਕਤੀ ਹੋ? ਜਾਂ ਕੀ ਤੁਹਾਡੀ ਸ਼ਾਂਤ ਅਤੇ ਘਰ ਰਹਿ ਕੇ ਸਮਾਂ ਬਿਤਾਉਣ ਵਾਲੀ ਜੀਵਨ-ਸ਼ੈਲੀ ਹੈ?

ਜਦੋਂ ਤੁਸੀਂ ਵੱਖ-ਵੱਖ ਵਿਕਲਪਾਂ ਬਾਰੇ ਸਿੱਖਦੇ ਹੋ ਤਾਂ ਇਹ ਕੁਝ ਕੁ ਸਵਾਲ ਹਨ ਜਿੰਨ੍ਹਾਂ ਬਾਰੇ ਸੋਚਣਾ ਬਣਦਾ ਹੈ। ਇਨ੍ਹਾਂ ਤੁਹਾਨੂੰ ਇਹ ਜਾਣਨ ਵਿੱਚ ਮਦਦ ਮਿਲ ਸਕਦੀ ਹੈ ਕਿ ਤੁਹਾਡੇ ਵਾਸਤੇ ਕਿਹੜਾ ਵਿਕਲਪ ਸਭ ਤੋਂ ਵਧੀਆ ਰਹੇਗਾ।


Presentation © BC Renal, December 2020

## *1.6 ਤੁਹਾਡੇ ਲਈ ਕੀ ਸਭ ਤੋਂ ਵਧੀਆ ਰਹੇਗਾ?*




**Notes:**

ਹੁਣ ਅਸੀਂ ਟ੍ਰੀਟਮੈਂਟ ਦੇ ਵੱਖ-ਵੱਖ ਵਿਕਲਪਾਂ ਬਾਰੇ ਗੱਲ ਕਰਾਂਗੇ

ਜਿਨ੍ਹਾਂ ਲੋਕਾਂ ਦੇ ਗੁਰਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ ਉਹਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਤੋਂ ਵੱਧ ਕਿਸਮ ਦੇ ਟ੍ਰੀਟਮੈਂਟਾਂ ਦੀ ਲੋੜ ਪੈਂਦੀ ਹੈ, ਇਸ ਲਈ ਸਾਰੇ ਵਿਕਲਪਾਂ ਬਾਰੇ ਜਾਣਨਾ ਵਧੀਆ ਰਹਿੰਦਾ ਹੈ।

ਅਤੇ ਕਈ ਵਾਰੀ ਜਦੋਂ ਤੁਹਾਨੂੰ ਹੋਰਨਾਂ ਵਿਕਲਪਾਂ ਬਾਰੇ ਪਤਾ ਲੱਗਦਾ ਹੈ, ਤਾਂ ਉਹ ਵਿਕਲਪ ਬਦਲ ਜਾਂਦਾ ਹੈ, ਜਿੰਨ੍ਹਾਂ ਕਿ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਪਸੰਦ ਆਵੇਗਾ।

ਜਾਂ ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਕਿਸੇ ਅਜਿਹੇ ਵਿਕਲਪ ਬਾਰੇ ਮਸ਼ਵਰਾ ਦੇ ਸਕਦੀ ਹੈ ਜਿਹਨਾਂ ਤੁਹਾਡੇ ਅਤੇ ਤੁਹਾਡੀ ਹਾਲਾਤ ਮੁਤਾਬਕ ਬਿਹਤਰ ਰਹੇਗਾ। ਆਪਣੇ ਵਿਚਾਰਾਂ ਨੂੰ ਖੁੱਲ੍ਹੇ ਰੱਖਣਾ ਸਭ ਤੋਂ ਵਧੀਆ ਰਹਿੰਦਾ ਹੈ।


Presentation © BC Renal, December 2020

## *1.7 ਆਓ ਇਸ ਬਾਰੇ ਗੱਲ ਕਰੀਏ*




**Notes:**


ਨਕਾਰਾ ਹੋਏ ਗੁਰਦਿਆਂ ਨਾਲ ਜੂਝ ਰਹੇ ਲੋਕਾਂ ਲਈ ਟ੍ਰੀਟਮੈਂਟ ਦੇ ਹੇਠ ਲਿਖੇ ਵਿਕਲਪ ਸਭ ਤੋਂ ਵਧੀਆਂ ਰਹਿੰਦੇ ਹਨ:

- ਟ੍ਰਾਂਸਪਲਾਂਟ
- ਪੈਰੀਟੋਨੀਅਲ ਡਾਇਲਿਸਿਸ ਜਾਂ ਪੀ.ਡੀ
- ਹੀਮੋਡਾਇਲਿਸਿਸ - ਜਿਸ ਵਿੱਚ ਘਰ ਵਿੱਚ ਕੀਤਾ ਜਾਣ ਵਾਲਾ ਅਤੇ ਕਲੀਨਿਕ ਵਿੱਚ ਕੀਤਾ ਜਾਣ ਵਾਲਾ ਹੀਮੋਡਾਇਲਿਸਿਸ ਸ਼ਾਮਲ ਹੈ
- ਅਤੇ ਕੰਜ਼ਰਵੇਟਿਵ ਦੇਖਭਾਲ

ਇਸ ਪੇਸ਼ਕਾਰੀ ਵਿੱਚ ਇਹਨਾਂ ਸਾਰੇ ਵਿਕਲਪਾਂ ਦਾ ਵੇਰਵਾ ਦਿੱਤਾ ਜਾਵੇਗਾ ਤਾਂ ਕਿ ਆਪਣੇ ਵਾਸਤੇ ਸਭ ਤੋਂ ਵਧੀਆਂ ਵਿਕਲਪਾਂ ਬਾਰੇ ਸੋਚਣ ਸਮੇਂ ਤੁਹਾਡੇ ਕੋਲ ਸਹੀ ਜਾਣਕਾਰੀ ਹੋਵੇ।



Presentation © BC Renal, December 2020

# Section 2. ਟ੍ਰਾਂਸਪਲਾਂਟ




Presentation © BC Renal, December 2020

## *2.1 ਗੁਰਦੇ ਦਾ ਟ੍ਰਾਂਸਪਲਾਂਟ*





**Notes:**

ਗੁਰਦੇ ਦੇ ਟ੍ਰਾਂਸਪਲਾਂਟ ਵਾਲੇ ਵਿਕਲਪ ਤੋਂ ਸ਼ੁਰੂਆਤ ਕਰਦੇ ਹਾਂ। ਜਿਹਨਾਂ ਲੋਕਾਂ ਦੇ ਗੁਰਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ ਉਹਨਾਂ ਵਿੱਚੋਂ ਬਹੁਤੇ ਜਾਣਿਆਂ ਲਈ ਟ੍ਰਾਂਸਪਲਾਂਟ ਤਰਜੀਹੀ ਵਿਕਲਪ ਹੈ।



Presentation © BC Renal, December 2020

## *2.2 ਗੁਰਦੇ ਦਾ ਟ੍ਰਾਂਸਪਲਾਂਟ ਕੀ ਹੁੰਦਾ ਹੈ?*




**Notes:**

ਗੁਰਦੇ ਦੇ ਟ੍ਰਾਂਸਪਲਾਂਟ ਵਿੱਚ ਕਿਸੇ ਦੂਜੇ ਵਿਅਕਤੀ ਗੁਰਦਾ ਦਾਨੀ ਤੋਂ ਸਿਹਤਮੰਦ ਗੁਰਦਾ ਪ੍ਰਾਪਤ ਕਰਨਾ ਸ਼ਾਮਲ ਹੈਉਸ ਗੁਰਦੇ ਨੂੰ ਤੁਹਾਡੇ ਸਰੀਰ ਵਿੱਚ ਪਾਉਣ ਲਈ ਸਰਜਰੀ ਦੀ ਲੋੜ ਪੈਂਦੀ ਹੈ।


ਇਹ ਚਿੱਤਰ ਦਰਸਾਉਂਦਾ ਹੈ ਕਿ ਨਵਾਂ ਗੁਰਦਾ ਤੁਹਾਡੇ ਸਰੀਰ ਅੰਦਰ ਕਿੱਥੇ ਰੱਖਿਆ ਜਾਂਦਾ ਹੈ।

ਕਈ ਲੋਕਾਂ ਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਜਦੋਂ ਉਹਨਾਂ ਨੂੰ ਨਵਾਂ ਗੁਰਦਾ ਦਿੱਤਾ ਜਾਂਦਾ ਹੈ ਉਦੋਂ ਉਨ੍ਹਾਂ ਦੇ ਆਪਣੇ ਗੁਰਦੇ ਸਰੀਰ ਵਿੱਚ ਹੀ ਰਹਿਣ ਦਿੱਤੇ ਜਾਂਦੇ ਹਨ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਟ੍ਰਾਂਸਪਲਾਂਟ ਗੁਰਦੇ ਦੇ ਰੋਗ ਦਾ ਮਹਿਜ ਇੱਕ *ਟ੍ਰੀਟਮੈਂਟ*ਹੈ, ਮੁਕੰਮਲ ਇਲਾਜ ਨਹੀਂ। ਇਸਦਾ ਮਤਲਬ ਹੈ ਕਿ ਆਪਣੇ ਨਵੇਂ ਗੁਰਦੇ ਨੂੰ ਸਿਹਤਮੰਦ ਰੱਖਣਾ ਯਕੀਨੀ ਬਣਾਉਣ ਲਈ ਤੁਹਾਨੂੰ ਫੇਰ ਵੀ ਆਪਣੀ ਸਿਹਤ ਸੰਭਾਲ ਟੀਮ ਨੂੰ ਬਕਾਇਦਾ ਮਿਲਣ ਅਤੇ ਆਪਣੀ ਦਵਾਈਆਂ ਲੈਣ ਦੀ ਲੋੜ ਪਵੇਗੀ।


Presentation © BC Renal, December 2020

## *2.3 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਗੁਰਦਾ ਦਾਨ ਕਰਨ ਵਾਲੀਆਂ ਦੀਆਂ ਦੋ ਕਿਸਮਾਂ ਹੁੰਦੀਆਂ ਹਨ... ਜਿਊਂਦੇ ਦਾਨੀ ਅਤੇ ਮ੍ਰਿਤਕ ਦਾਨੀ।



Presentation © BC Renal, December 2020

## *2.4 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਜਿਉਂਦੇ ਦਾਨੀ ਦਾ ਮਤਲਬ ਸੁਣ ਕੇ ਹੀ ਪਤਾ ਲੱਗ ਜਾਣਦਾ ਹੈ। ਗੁਰਦਾ ਕਿਸੇ ਅਜਿਹੇ ਵਿਅਕਤੀ ਵੱਲੋਂ ਦਾਨ ਕੀਤਾ ਜਾਂਦਾ ਹੈ ਜੋ ਜਿਊਂਦਾ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਆਪਣਾ ਇੱਕ ਗੁਰਦਾ ਦਾਨ ਕਰਨ ਲਈ ਰਾਜ਼ੀ ਹੋਇਆ ਹੈ। ਲੋਕ ਇੱਕ ਗੁਰਦੇ ਨਾਲ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀ ਸਕਦੇ ਹਨ। ਆਪਣਾ ਗੁਰਦਾ ਦਾਨ ਕਰਨ ਲਈ ਰਾਜ਼ੀ ਹੋਣ ਵਾਲੇ ਵਿਅਕਤੀ ਦੇ ਅਨੇਕਾਂ ਟੈਸਟ ਕੀਤੇ ਜਾਣਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਿਹਤਮੰਦ ਹੈ ਅਤੇ ਆਪਣਾ ਗੁਰਦਾ ਦਾਨ ਕਰਨਾ ਉਸ ਲਈ ਸੁਰੱਖਿਅਤ ਹੈ।


Presentation © BC Renal, December 2020

## *2.5 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਮ੍ਰਿਤਕ ਦਾਨੀ ਵਾਲੀ ਸਥਿਤੀ ਵਿੱਚ ਗੁਰਦਾ ਉਸ ਵਿਅਕਤੀ ਤੋਂ ਆਉਂਦਾ ਹੈ ਜਿਸਦੀ ਮੌਤ ਹੋ ਚੁਕੀ ਹੁੰਦੀ ਹੈ, ਅਤੇ ਜਿਸਦੇ ਮਰਨ ਤੋਂ ਪਹਿਲਾਂ ਆਪਣਾ ਗੁਰਦਾ ਦਾਨ ਕਰਨ ਲਈ ਸਹਿਮਤੀ ਦਿੱਤੀ ਸੀ।


Presentation © BC Renal, December 2020

## *2.6 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਬੀ.ਸੀ. ਟ੍ਰਾਂਸਲਪਾਂਟ ਉਹ ਏਜੰਸੀ ਹੈ ਜਿਹੜੀ ਬੀ.ਸੀ. ਵਿੱਚ ਗੁਰਦੇ ਟ੍ਰਾਂਸਲਪਾਂਟ ਕਰਨ ਦੇ ਕਾਰਜ ਦੀ ਦੇਖਰੇਖ ਕਰਦੀ ਹੈ, ਅਤੇ ਟ੍ਰਾਂਸਲਪਾਂਟ ਕੀਤੇ ਜਾਣ ਤੋਂ ਪਹਿਲਾਂ ਇਹ ਯਕੀਨੀ ਬਣਾਉਂਦੀ ਹੈ ਕਿ ਦਾਨ ਕੀਤਾ ਹਰ ਗੁਰਦਾ ਸਿਹਤਮੰਦ ਹੋਵੇ।

## *2.7 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਬੀ.ਸੀ. ਟ੍ਰਾਂਸਲਪਾਂਟ ਉਹ ਏਜੰਸੀ ਹੈ ਜਿਹੜੀ ਬੀ.ਸੀ. ਵਿੱਚ ਗੁਰਦੇ ਟ੍ਰਾਂਸਲਪਾਂਟ ਕਰਨ ਦੇ ਕਾਰਜ ਦੀ ਦੇਖਰੇਖ ਕਰਦੀ ਹੈ, ਅਤੇ ਟ੍ਰਾਂਸਲਪਾਂਟ ਕੀਤੇ ਜਾਣ ਤੋਂ ਪਹਿਲਾਂ ਇਹ ਯਕੀਨੀ ਬਣਾਉਂਦੀ ਹੈ ਕਿ ਦਾਨ ਕੀਤਾ ਹਰ ਗੁਰਦਾ ਸਿਹਤਮੰਦ ਹੋਵੇ।

## *2.8 ਜਿਊਂਦੇ ਦਾਨੀ ਅਤੇ ਮ੍ਰਿਤਕ ਦਾਨੀ ਦੀ ਤੁਲਨਾ ਅਤੇ ਫਾਇਦੇ*




**Notes:**

ਮ੍ਰਿਤਕ ਦਾਨੀ ਦੀ ਥਾਂ ਜਿਊਂਦੇ ਦਾਨੀ ਤੋਂ ਮਿਲਿਆ ਗੁਰਦਾ ਟ੍ਰਾਂਸਪਲਾਂਟ ਕਰਵਾਉਣ ਦੇ ਕਈ ਫਾਇਦੇ ਹਨ।

ਜਿਊਂਦੇ ਦਾਨੀ ਤੋਂ ਮਿਲਣ ਵਾਲੇ ਟ੍ਰਾਂਸਪਲਾਂਟ ਕੀਤੇ ਗੁਰਦੇ ਟ੍ਰਾਂਸਪਲਾਂਟ ਕਰਨਾ:

- ਜ਼ਿਆਦਾ ਦੇਰ ਤੱਕ ਚੱਲਦੇ ਹਨ
- ਸਰੀਰ ਵੱਲੋਂ ਨਵਾਂ ਗੁਰਦਾ ਨਕਾਰੇ ਜਾਣ ਦਾ ਘੱਟ ਖ਼ਤਰਾ ਹੁੰਦਾ ਹੈ
- ਸਮੁੱਚੇ ਤੌਰ 'ਤੇ ਸਿਹਤ ਬਿਹਤਰ ਰਹਿੰਦੀ ਹੈ
- ਗੁਰਦੇ ਫੇਲ੍ਹ ਹੋਣ ਤੋਂ ਪਹਿਲਾਂ ਹੀ ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ। ਮ੍ਰਿਤਕ ਦਾਨੀ ਤੋਂ ਮਿਲਿਆ ਗੁਰਦਾ ਹਾਸਿਲ ਕਰਨ ਵਾਸਤੇ ਇੰਤਜ਼ਾਰ ਸੂਚੀ 'ਤੇ ਜਾਣ ਲਈ ਤੁਹਾਡਾ ਡਾਇਲਿਸਿਸ 'ਤੇ ਹੋਣਾ ਲਾਜ਼ਮੀ ਹੁੰਦਾ ਹੈ।

ਜਿਊਂਦਾ ਦਾਨੀ ਲੱਭਣ ਬਾਰੇ ਅਤੇ ਉਹਨਾਂ ਵਸੀਲੇ ਨੂੰ ਲੱਭਣ ਬਾਰੇ ਜੋ ਤੁਹਾਡੀ ਸਹਾਇਤਾ ਵਾਸਤੇ ਉਪਲਬਧ ਹਨ, ਆਪਣੀ ਗੁਰਦਾ ਦੇਖਭਾਲ ਟੀਮ ਨਾਲ ਗੱਲ ਕਰੋ।


Presentation © BC Renal, December 2020

## *2.9 ਟ੍ਰਾਂਸਪਲਾਂਟ ਹੋਣ ਵਿੱਚ ਸਮਾਂ ਲਗਦਾ ਹੈ।*





**Notes:**

ਜੇ ਤੁਸੀਂ ਗੁਰਦਾ ਟ੍ਰਾਂਸਪਲਾਂਟ ਕਰਵਾਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਵੀ ਗੁਰਦਾ ਟ੍ਰਾਂਸਪਲਾਂਟ ਕਰਵਾਉਣ ਲਈ ਇੰਤਜ਼ਾਰ ਕਰਨਾ ਪੈਂਦਾ ਹੈ।

ਅਤੇ ਜੇ ਤੁਹਾਡੇ ਟ੍ਰਾਂਸਪਲਾਂਟ ਆਪਰੇਸ਼ਨ ਤੋਂ ਪਹਿਲਾਂ ਤੁਹਾਡੇ ਗੁਰਦੇ ਫੇਲ੍ਹ ਹੋ ਜਾਂਦੇ ਹਨ, ਤਾਂ ਤੁਹਾਨੂੰ ਕੁਝ ਸਮੇਂ ਲਈ ਡਾਇਲਿਸਿਸ ਸ਼ੁਰੂ ਕਰਨਾ ਪਵੇਗਾ। ਇਸ ਲਈ ਟ੍ਰਾਂਸਪਲਾਂਟ ਕਰਵਾਊਣਾ ਤੁਹਾਡੀ ਪ੍ਰਮੁੱਖ ਚੋਣ ਹੋਵੇ, ਤੁਹਾਨੂੰ ਫਿਰ ਵੀ ਇਹ ਸੋਚਣਾ ਚਾਹੀਦਾ ਹੈ ਕਿ ਜੇ ਤੁਹਾਡੇ ਟ੍ਰਾਂਸਪਲਾਂਟ ਦਾ ਆਪਰੇਸ਼ਨ ਤੋਂ ਪਹਿਲਾਂ ਤੁਹਾਡੇ ਗੁਰਦੇ ਫੇਲ੍ਹ ਹੋ ਗਏ ਤਾਂ ਤੁਸੀਂ ਕਿਸ ਕਿਸਮ ਦਾ ਡਾਇਲਿਸਿਸ ਕਰਵਾਊਣਾ ਚਾਹੋਂਗੇ।


Presentation © BC Renal, December 2020

## *2.10 ਤੁਹਾਡੇ ਲਈ ਕੀ ਮਹੱਤਵਪੂਰਣ ਹੈ?*




**Notes:**

ਆਪਣੇ ਵਿਕਲਪਾਂ ਬਾਰੇ ਸੋਚਦੇ ਹੋਏ ਅਤੇ ਫੈਸਲਾ ਕਰਦੇ ਹੋਏ ਤੁਹਾਨੂੰ ਧਿਆਨ ਨਾਲ ਸੋਚਣਾ ਚਾਹੀਦਾ ਹੈ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ ਅਤੇ ਤੁਸੀਂ ਕਿਸ ਤਰ੍ਹਾਂ ਰਹਿਣਾ ਪਸੰਦ ਕਰਦੇ ਹੋ।

# Section 3. ਪੈਰਿਟੋਨੀਅਲ ਡਾਇਐਲਾਸਿਸ (ਪੀ.ਡੀ.)





Presentation © BC Renal, December 2020

## *3.1 ਪੈਰਿਟੋਨੀਅਲ ਡਾਇਐਲਾਸਿਸ (ਪੀ.ਡੀ.)*





**Notes:**

ਇਸ ਭਾਗ ਵਿੱਚ ਅਸੀਂ ਗੱਲ ਕਰਾਂਗੇ ਕਿ ਪੈਰੀਟੋਨੀਅਲ ਡਾਇਲਿਸਿਸ - ਜਾਂ ਪੀ.ਡੀ. - ਕੀ ਹੁੰਦਾ ਹੈ - ਅਤੇ ਕਿਵੇਂ ਕੰਮ ਕਰਦਾ ਹੈ।ਅਸੀਂ ਤੁਹਾਡੀਆਂ ਪੀ.ਡੀ. ਸੰਬੰਧੀ ਚੋਣਾਂ ਬਾਰੇ ਜਾਣਾਂਗੇ, ਅਤੇ ਪੀ.ਡੀ. ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਗੱਲ ਕਰਾਂਗੇ


Presentation © BC Renal, December 2020

## *3.2 ਪੈਰੀਟਨੀਅਲ ਡਾਇਐਲਾਸਿਸ ਕੀ ਹੁੰਦਾ ਹੈ? (ਪੀ.ਡੀ.)*




**Notes:**

ਜਦੋਂ ਤੁਸੀਂ ਪੀ.ਡੀ. ਸ਼ੁਰੂ ਕਰਦੇ ਹੋ ਤਾਂ ਤੁਸੀਂ ਦਿਨ ਦੇ ਸਮੇਂ ਪੀ.ਡੀ. ਕਰਨਾ ਅਤੇ ਰਾਤ ਨੂੰ ਪੀ.ਡੀ. ਕਰਨਾ ਦੋਵੇਂ ਤਰੀਕੇ ਸਿੱਖਦੇ ਹੋ। ਤੁਹਾਡੇ ਲਈ ਸਭ ਤੋਂ ਵਧੀਆ ਸਕੈਜੂਅਲ ਤੈਅ ਕਰਨ ਵਾਸਤੇ ਤੁਹਾਡੀ ਪੀ.ਡੀ. ਟੀਮ ਤੁਹਾਡੇ ਨਾਲ ਕੰਮ ਕਰੇਗੀ।



Presentation © BC Renal, December 2020

## *3.3 ਪੀ.ਡੀ. ਘਰ ਰਹਿ ਕੇ ਕੀਤਾ ਜਾਣ ਵਾਲਾ ਡਾਇਐਲਾਸਿਸ ਹੈ*




**Notes:**

ਜਦੋਂ ਤੁਸੀਂ ਪੀ.ਡੀ. ਸ਼ੁਰੂ ਕਰਦੇ ਹੋ ਤਾਂ ਤੁਸੀਂ ਦਿਨ ਦੇ ਸਮੇਂ ਪੀ.ਡੀ. ਕਰਨਾ ਅਤੇ ਰਾਤ ਨੂੰ ਪੀ.ਡੀ. ਕਰਨਾ ਦੋਵੇਂ ਤਰੀਕੇ ਸਿੱਖਦੇ ਹੋ। ਤੁਹਾਡੇ ਲਈ ਸਭ ਤੋਂ ਵਧੀਆ ਸਕੈਜੂਅਲ ਤੈਅ ਕਰਨ ਵਾਸਤੇ ਤੁਹਾਡੀ ਪੀ.ਡੀ. ਟੀਮ ਤੁਹਾਡੇ ਨਾਲ ਕੰਮ ਕਰੇਗੀ।


Presentation © BC Renal, December 2020

## *3.4 ਪੀ.ਡੀ. ਦੀਆਂ ਦੋ ਕਿਸਮਾਂ ਹਨ*

### ਪੈਰੀਟੋਨੀਅਲ ਡਾਇਲਿਸਿਸ ਦੀਆਂ ਕਿਸਮਾਂ



1. ਕੰਟੀਨਿਊਅਸ ਐਂਬਿਊਲੇਟੋਰੀ ਪੈਰੀਟੋਨੀਅਲ ਡਾਇਲਿਸਿਸ (ਸੀ.ਏ.ਪੀ.ਡੀ.)
   - ਮੈਨੂਅਲੀ ਕੀਤਾ ਗਿਆ
   - ਦਿਨ ਦੇ ਦੌਰਾਨ ਕੀਤਾ ਗਿਆ
   - ਪ੍ਰਤੀ ਦਿਨ 4 ਵਟਾਂਦਰੇ



2. ਕੰਟੀਨਿਊਅਸ ਸਾਈਕਲਰ ਪੈਰੀਟੋਨੀਅਲ ਡਾਇਲਿਸਿਸ (ਸੀ.ਸੀ.ਪੀ.ਡੀ.) ਜਾਂ ਆਟੋਮੇਟਡ ਪੈਰੀਟੋਨੀਅਲ ਡਾਇਲਿਸਿਸ (ਏ.ਪੀ.ਡੀ)।
   - ਮਸ਼ੀਨ ਦੀ ਵਰਤੋਂ ਕਰਕੇ ਡਾਇਲਿਸਿਸ ਦੀ ਸਵੈਚਲਿਤ ਕਿਸਮ।
   - ਰਾਤ ਨੂੰ ਕੀਤਾ ਗਿਆ ਜਦੋਂ ਤੁਸੀਂ ਸੌਂ ਰਹੇ ਸੀ

ਤੁਹਾਡੀ ਸਿਹਤ-ਸੰਭਾਲ ਟੀਮ ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰੇਗੀ ਕਿ ਤੁਹਾਡੇ ਵਾਸਤੇ ਕਿਹੜਾ ਤਰੀਕਾ ਸਭ ਤੋਂ ਵਧੀਆ ਹੈ।

**Notes:**


ਪੀ.ਡੀ. ਦੀਆਂ ਦੋ ਕਿਸਮਾਂ ਹਨ।

ਕੰਟੀਨਿਊਅਸ ਐਂਬਿਊਲੇਟੋਰੀ ਪੈਰੀਟੋਨੀਅਲ ਡਾਇਲਿਸਿਸ - ਜਾਂ ਸੀ.ਏ.ਪੀ.ਡੀ. - ਜੋ ਕਿ ਪੀ.ਡੀ. ਦੀ ਮੈਨੂਅਲ ਕਿਸਮ ਹੈ। ਮੈਨੂਅਲ ਪੀ.ਡੀ. ਦਿਨ ਵਿੱਚ 4-5 ਵਾਰੀ ਕੀਤਾ ਜਾਂਦਾ ਹੈ ਅਤੇ ਇਸ ਤੋਂ ਹਰ ਵਾਰ 30 ਤੋਂ 45 ਮਿੰਟ ਲੱਗਦੇ ਹਨ। ਪੀ.ਡੀ. ਦੀ ਚੋਣ ਕਰਨ ਵਾਲਾ ਹਰ ਵਿਅਕਤੀ ਮੈਨੂਅਲ ਪੀ.ਡੀ. ਤੋਂ ਵੀ ਸ਼ੁਰੂਆਤ ਕਰ ਸਕਦਾ ਹੈ।

ਕੰਟੀਨਿਊਅਸ ਸਾਈਕਲਿੰਗ ਪੈਰੀਟੋਨੀਅਲ ਡਾਇਲਿਸਿਸ - ਜਾਂ ਸੀ.ਸੀ.ਪੀ.ਡੀ. - ਮਸ਼ੀਨ ਦੀ ਵਰਤੋਂ ਕਰਦਾ ਹੈ।ਇਸ ਤਰ੍ਹਾਂ ਦਾ ਪੀ.ਡੀ. ਰਾਤ ਨੂੰ ਤੁਹਾਡੇ ਸੌਣ ਸਮੇਂ ਕੀਤਾ ਜਾਂਦਾ ਹੈ - ਇਸ ਲਈ ਆਮ ਤੌਰ 'ਤੇ 9 ਤੋਂ 10 ਘੰਟੇ ਲੱਗਦੇ ਹਨ।


Presentation © BC Renal, December 2020

## *3.5 ਪੀ.ਡੀ. ਮਸ਼ੀਨ (ਸਾਈਕਲਰ)*




**Notes:**

ਇਸ ਤਸਵੀਰ ਵਿੱਚ ਇੱਕ ਸੀ.ਸੀ.ਪੀ.ਡੀ. ਮਸ਼ੀਨ ਅਤੇ ਸੌਣ ਤੋਂ ਪਹਿਲਾਂ ਪੀ.ਡੀ. ਕਰਨ ਲਈ ਮਸ਼ੀਨ ਸ਼ੁਰੂ ਕਰਨ ਵਾਲੀ ਔਰਤ ਦਿਖਾਈ ਗਈ ਹੈ।



Presentation © BC Renal, December 2020

## *3.6 ਪੀ.ਡੀ. ਦੇ ਫਾਇਦੇ*



ਪ੍ਰਸ਼ਾਂਤ ਮਹਾਂਸਾਗਰ ਵਿੱਚ ਸਮੁੰਦਰੀ ਜਹਾਜ਼ 'ਤੇ ਜਾਣਾ!



ਹੋਰ ਟੀਚੇ ਪ੍ਰਾਪਤ ਕਰਨ ਲਈ ਯਾਤਰਾ ਕਰਨਾ



ਸੜਕ ਯਾਤਰਾ!



ਜੰਗਲ ਦੀ ਪੜਚੋਲ ਕਰਨਾ

**Notes:**

ਜਿਵੇਂ ਕਿ ਤੁਸੀਂ ਤਸਵੀਰਾਂ ਤੋਂ ਅੰਦਾਜ਼ਾ ਲਗਾ ਸਕਦੇ ਹੋ, ਪੀ.ਡੀ. ਦੇ ਫਾਇਦਿਆਂ ਵਿੱਚੋਂ ਇੱਕ ਫਾਇਦਾ ਇਹ ਹੈ ਕਿ ਤੁਸੀਂ ਇਸ ਨਾਲ ਯਾਤਰਾ ਵੀ ਕਰ ਸਕਦੇ ਹੋ।

### *3.7 ਪੀ.ਡੀ. ਦੇ ਫਾਇਦੇ*




**Notes:**

ਪੀ.ਡੀ. ਨਾਲ ਹੋਰ ਵੀ ਕਈ ਫਾਇਦੇ ਜੁੜੇ ਹੋਏ ਹਨ।

ਆਮ ਤੌਰ 'ਤੇ, ਇਹਨਾਂ ਵਿੱਚ ਜ਼ਿਆਦਾ ਆਜ਼ਾਦੀ ਅਤੇ ਲਚਕੀਲਾਪਨ ਸ਼ਾਮਲ ਹੈ।


Presentation © BC Renal, December 2020

## *3.8 ਪੀ.ਡੀ. ਦੇ ਫਾਇਦੇ*





**Notes:**

ਹੀਮੋਡਾਇਲਿਸਿਸ ਦੇ ਮੁਕਾਬਲੇ ਪੀ.ਡੀ. ਨਾਲ ਤੁਹਾਡੇ ਗੁਰਦੇ ਦੀ ਕਾਰਗੁਜਾਰੀ ਦਾ ਬਿਹਤਰ ਬਚਾਅ ਹੁੰਦਾ ਹੈ, ਅਸੀਂ ਇਸ ਬਾਰੇ ਛੇਤੀ ਹੀ ਸਿੱਖਾਂਗੇ। ਇਹ ਤੁਹਾਡੇ ਸਰੀਰ 'ਤੇ ਕੋਮਲ ਰਹਿੰਦਾ ਹੈ, ਕਿਉਂਕਿ ਇਹ ਕੁਦਰਤੀ ਗੁਰਦੇ ਵਾਂਗ ਹੀ ਕੰਮ ਕਰਦਾ ਹੈ।

ਅਤੇ ਪੀ.ਡੀ. ਵਿੱਚ ਕੋਈ ਸੂਈਆਂ ਸ਼ਾਮਲ ਨਹੀਂ ਹਨ, ਜੋ ਕੁਝ ਲੋਕਾਂ ਨੂੰ ਬਹੁਤ ਆਕਰਸ਼ਕ ਲੱਗਦੀਆਂ ਹਨ।


Presentation © BC Renal, December 2020

## *3.9 ਵਿਚਾਰ ਕਰਨ ਯੋਗ ਗੱਲਾਂ*




**Notes:**

ਪੀ.ਡੀ. ਬਾਰੇ ਵਿਚਾਰਨ ਯੋਗ ਹੋਰ ਗੱਲਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਇਸ ਵਾਸਤੇ ਤੁਹਾਡੇ ਢਿੱਡ ਵਿੱਚ ਟਿਊਬ ਲਗਾਉਣ ਦੀ ਲੋੜ ਪੈਂਦੀ ਹੈ।

ਕੁਝ ਲੋਕਾਂ ਨੂੰ ਨਹਾਉਣ ਸਮੇਂ ਪਾਣੀ ਵਿੱਚ ਬੈਠਣਾ ਜਾਂ ਹੌਟ ਟੱਬ ਵਿੱਚ ਬੈਠਣਾ ਪਸੰਦ ਹੁੰਦਾ ਹੈ, ਅਤੇ ਪੀ.ਡੀ. ਕਰਨ ਵਾਲੇ ਲੋਕਾਂ ਨੂੰ ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਪਰ, ਇਸ਼ਨਾਨ ਕਰਨਾ ਠੀਕ ਹੈ।

ਪੀ.ਡੀ. ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਥੋੜ੍ਹੀ ਟ੍ਰੇਨਿੰਗ ਲੈਣੀ ਪਵੇਗੀ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਘਰ ਵਿੱਚ ਆਪਣੇ ਆਪ ਇਹ ਕਰ ਸਕੋ।

ਪੀ.ਡੀ. ਹਰ ਰੋਜ਼ ਕਰਨੀ ਪੈਂਦੀ ਹੈ, ਇਸ ਲਈ ਇਹ ਤੁਹਾਡੇ ਰੋਜ਼ਾਨਾ ਰੁਟੀਨ ਦਾ ਹਿੱਸਾ ਹੋਣਾ ਚਾਹੀਦਾ ਹੈ।


Presentation © BC Renal, December 2020

## *3.10 ਵਿਚਾਰ ਕਰਨ ਯੋਗ ਗੱਲਾਂ*




**Notes:**

ਪੀ.ਡੀ. ਲਈ ਲੋੜੀਂਦਾ ਸਾਜ਼ੋ-ਸਾਮਾਨ ਸੰਭਾਲ ਕੇ ਰੱਖਣ ਲਈ ਤੁਹਾਨੂੰ ਕੁਝ ਸਥਾਨ ਦੀ ਲੋੜ ਵੀ ਪਵੇਗੀ।

## *3.11 ਕੀ ਪੈਰੀਟਨੀਅਲ ਡਾਇਐਲਾਸਿਸ ਤੁਹਾਡੇ ਲਈ ਸਹੀ ਹੈ?*




**Notes:**

ਜੇ ਤੁਹਾਨੂੰ ਲੱਗਦਾ ਹੈ ਕਿ ਪੀ.ਡੀ. ਤੁਹਾਡੇ ਲਈ ਸਹੀ ਵਿਕਲਪ ਹੈ ਤਾਂ ਹੁਣ ਇਸ ਬਾਰੇ ਵਿਚਾਰ ਕਰਨ ਦਾ ਸਮਾਂ ਹੈ।

ਜੇ ਤੁਸੀਂ ਪੀ.ਡੀ. ਸ਼ੁਰੂ ਕਰ ਲਓ ਤਾਂ ਤੁਹਾਡੇ ਲਈ ਸਭ ਤੋਂ ਵੱਡੀ ਤਬਦੀਲੀ ਕੀ ਹੋਵੇਗੀ?


ਤੁਹਾਡੇ ਲਈ ਪੀ.ਡੀ. ਦਾ ਸਭ ਤੋਂ ਵਧੀਆ ਹਿੱਸਾ ਜਾਂ ਸਭ ਤੋਂ ਵੱਡਾ ਫਾਇਦਾ ਕੀ ਹੋਵੇਗਾ?

ਜੇ ਤੁਸੀਂ ਪੀ.ਡੀ. 'ਤੇ ਹੋਵੋਂ ਤਾਂ ਤੁਹਾਡਾ ਸਭ ਤੋਂ ਵੱਡਾ ਫਿਕਰ ਕੀ ਹੋਵੇਗਾ?

ਕੀ ਤੁਸੀਂ ਕੁਝ ਹੋਰ ਜਾਣਨਾ ਚਾਹੋਗੇ? ਜੇ ਅਜਿਹਾ ਹੈ, ਤਾਂ ਬਾਅਦ ਵਿੱਚ ਆਪਣੀ ਗੁਰਦਾ ਦੇਖਭਾਲ ਟੀਮ ਤੋਂ ਕਿਸੇ ਨੂੰ ਪੁੱਛਣ ਲਈ ਇਸਨੂੰ ਲਿਖ ਲਓ।


Presentation © BC Renal, December 2020


# Section 4. ਹੀਮੋਡਾਇਐਲਾਸਿਸ (ਐੱਚ.ਡੀ.)






Presentation © BC Renal, December 2020

## *4.1 ਹੀਮੋਡਾਇਐਲਾਸਿਸ ( ਐੱਚ.ਡੀ.)*




**Notes:**

ਹੀਮੋਡਾਇਲਿਸਿਸ - ਜਾਂ "ਹੀਮੋ" ਡਾਇਲਿਸਿਸ ਦੀ ਇੱਕ ਹੋਰ ਕਿਸਮ ਹੈ।

ਇਸ ਹਿੱਸੇ ਵਿੱਚ ਅਸੀਂ ਹੀਮੋਡਾਇਲਿਸਿਸ ਬਾਰੇ ਸਿੱਖਾਂਗੇ, ਜਿਸ ਵਿੱਚ ਇਹ ਸ਼ਾਮਲ ਹੈ:

- ਇਹ ਕੀ ਹੁੰਦਾ ਹੈ
- ਨਾੜ ਰਾਹੀਂ ਰਾਹ ਬਣਾਉਣ ਦਾ ਕੀ ਮਤਲਬ ਹੈ
- ਹੀਮੋ ਦੇ ਵੱਖ-ਵੱਖ ਵਿਕਲਪ ਕੀ ਹਨ...
- ਅਤੇ ਹੀਮੋ ਦੇ ਫਾਇਦੇ ਅਤੇ ਸੰਭਾਵੀ ਕਮੀਆਂ ਕੀ ਹਨ

## *4.2 ਹੀਮੋਡਾਇਐਲਾਸਿਸ ਕੀ ਹੁੰਦਾ ਹੈ?*




**Notes:**

ਹੀਮੋਡਾਇਲਿਸਿਸ ਵਾਸਤੇ ਤੁਹਾਡੇ ਸਰੀਰ ਵਿੱਚੋਂ ਖ਼ੂਨ ਕੱਢਣ ਅਤੇ ਉਸਨੂੰ ਸਾਫ਼ ਕਰਕੇ ਵਾਪਸ ਸਰੀਰ ਵਿੱਚ ਪਾਉਣ ਲਈ ਇੱਕ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ

ਇਹ ਤੁਹਾਡੇ ਘਰ ਵਿੱਚ ਜਾਂ ਹਸਪਤਾਲ ਜਾਂ ਇੱਕ ਕਮਿਊਨਿਟੀ ਕਲੀਨਿਕ ਵਿਖੇ ਕੀਤਾ ਜਾ ਸਕਦਾ ਹੈ


Presentation © BC Renal, December 2020

## *4.3 ਨਾੜੀ ਰਾਹੀਂ ਪਹੁੰਚ: ਫਿਸਟੁਲਾ*




**Notes:**

ਹੀਮੋਡਾਇਲਿਸਿਸ ਕਰਨ ਲਈ, ਤੁਹਾਡੇ ਖ਼ੂਨ ਦੇ ਨਾੜ ਨੂੰ ਹੀਮੋ ਮਸ਼ੀਨ ਨਾਲ ਕਨੈਕਟ ਕਰਨ ਦੇ ਤਰੀਕੇ ਦੀ ਲੋੜ ਹੁੰਦੀ ਹੈ। ਅਜਿਹਾ ਇੱਕ ਫਿਸਚੂਲਾ ਜਾਂ ਕੈਥੀਟਰ ਰਾਹੀਂ ਕੀਤਾ ਜਾ ਸਕਦਾ ਹੈ।

ਬਹੁਤੇ ਲੋਕਾਂ ਵਾਸਤੇ, ਕੈਥੀਟਰ ਦੀ ਥਾਂ ਫਿਸਚੂਲਾ ਇੱਕ ਬਿਹਤਰ ਵਿਕਲਪ ਹੁੰਦਾ ਹੈ। ਫਿਸਚੂਲਾ ਉਦੋਂ ਬਣਦਾ ਹੈ ਜਦੋਂ ਸਰਜਨ ਧਮਣੀ ਅਤੇ ਨਾੜ ਨੂੰ ਆਪਸ ਵਿੱਚ ਜੋੜ ਦਿੰਦਾ ਹੈ। ਇੱਕ ਵਾਰੀ ਜਦੋਂ ਫਿਸਚੂਲਾ ਤਿਆਰ ਹੋ ਜਾਵੇ ਤਾਂ ਇਹ ਤੁਹਾਡੇ ਸਰੀਰ ਦਾ ਕੁਦਰਤੀ ਹਿੱਸਾ ਬਣ ਜਾਂਦਾ ਹੈ ਅਤੇ ਖ਼ੂਨ ਦੇ ਬਹਾਅ ਲਈ ਵਧੀਆ ਥਾਂ ਪ੍ਰਦਾਨ ਕਰਦਾ ਹੈ ਅਤੇ ਡਾਇਲਿਸਿਸ ਕਰਨ ਲਈ ਇੱਕ ਅਜਿਹਾ ਪੁਆਇੰਟ ਢੂੰਡਣਾ ਪੈਂਦਾ ਹੈ ਜਿਹੜਾ ਕਈ ਦਹਾਕੇ ਤੱਕ ਚੱਲ ਸਕਦਾ ਹੈ।

ਫਿਸਚੂਲਾ ਨੂੰ ਤੁਰੰਤ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਹੀਮੋਡਾਇਲਿਸਿਸ ਕਰਵਾਉਣ ਤੋਂ ਕਾਫ਼ੀ ਸਮਾਂ ਪਹਿਲਾਂ ਫਿਸਚੂਲਾ ਬਣਵਾਉਣਾ ਸਭ ਤੋਂ ਵਧੀਆ ਰਹਿੰਦਾ ਹੈ ਕਿਉਂਕਿ ਇਸਨੂੰ ਤਿਆਰ ਹੋਣ ਵਿੱਚ ਸਮਾਂ ਲੱਗਦਾ ਹੈ - ਕਈ ਵਾਰੀ ਇਸਤੇਮਾਲ ਲਈ ਤਿਆਰ ਹੋਣ ਵਾਸਤੇ ਕਈ ਮਹੀਨੇ ਲਗ ਸਕਦੇ ਹਨ।


Presentation © BC Renal, December 2020

## *4.4 ਨਾੜੀ ਰਾਹੀਂ ਪਹੁੰਚ: ਫਿਸਟੁਲਾ*

### ਨਾੜੀ ਰਾਹੀਂ ਪਹੁੰਚ



ਫਿਸਟੁਲਾ



ਕੈਥੀਟਰ

**Notes:**

ਹੀਮੋਡਾਇਲਿਸਿਸ ਕਰਨ ਲਈ, ਤੁਹਾਡੇ ਖ਼ੂਨ ਦੇ ਨਾੜ ਨੂੰ ਹੀਮੋ ਮਸ਼ੀਨ ਨਾਲ ਕਨੈਕਟ ਕਰਨ ਦੇ ਤਰੀਕੇ ਦੀ ਲੋੜ ਹੁੰਦੀ ਹੈ। ਅਜਿਹਾ ਇੱਕ ਫਿਸਚੂਲਾ ਜਾਂ ਕੈਥੀਟਰ ਰਾਹੀਂ ਕੀਤਾ ਜਾ ਸਕਦਾ ਹੈ।


ਬਹੁਤੇ ਲੋਕਾਂ ਵਾਸਤੇ, ਕੈਥੀਟਰ ਦੀ ਥਾਂ ਫਿਸਚੂਲਾ ਇੱਕ ਬਿਹਤਰ ਵਿਕਲਪ ਹੁੰਦਾ ਹੈ। ਫਿਸਚੂਲਾ ਉਦੋਂ ਬਣਦਾ ਹੈ ਜਦੋਂ ਸਰਜਨ ਧਮਣੀ ਅਤੇ ਨਾੜ ਨੂੰ ਆਪਸ ਵਿੱਚ ਜੋੜ ਦਿੰਦਾ ਹੈ। ਇੱਕ ਵਾਰੀ ਜਦੋਂ ਫਿਸਚੂਲਾ ਤਿਆਰ ਹੋ ਜਾਵੇ ਤਾਂ ਇਹ ਤੁਹਾਡੇ ਸਰੀਰ ਦਾ ਕੁਦਰਤੀ ਹਿੱਸਾ ਬਣ ਜਾਂਦਾ ਹੈ ਅਤੇ ਖ਼ੂਨ ਦੇ ਬਹਾਅ ਲਈ ਵਧੀਆ ਥਾਂ ਪ੍ਰਦਾਨ ਕਰਦਾ ਹੈ ਅਤੇ ਡਾਇਲਿਸਿਸ ਕਰਨ ਲਈ ਇੱਕ ਅਜਿਹਾ ਪੁਆਇੰਟ ਢੂੰਡਣਾ ਪੈਂਦਾ ਹੈ ਜਿਹੜਾ ਕਈ ਦਹਾਕੇ ਤੱਕ ਚੱਲ ਸਕਦਾ ਹੈ।

ਫਿਸਚੂਲਾ ਨੂੰ ਤੁਰੰਤ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਹੀਮੋਡਾਇਲਿਸਿਸ ਕਰਵਾਉਣ ਤੋਂ ਕਾਫ਼ੀ ਸਮਾਂ ਪਹਿਲਾਂ ਫਿਸਚੂਲਾ ਬਣਵਾਉਣਾ ਸਭ ਤੋਂ ਵਧੀਆ ਰਹਿੰਦਾ ਹੈ ਕਿਉਂਕਿ ਇਸਨੂੰ ਤਿਆਰ ਹੋਣ ਵਿੱਚ ਸਮਾਂ ਲੱਗਦਾ ਹੈ - ਕਈ ਵਾਰੀ ਇਸਤੇਮਾਲ ਲਈ ਤਿਆਰ ਹੋਣ ਵਾਸਤੇ ਕਈ ਮਹੀਨੇ ਲਗ ਸਕਦੇ ਹਨ।



Presentation © BC Renal, December 2020

### *4.5 ਨਾੜੀ ਰਾਹੀਂ ਪਹੁੰਚ: ਫਿਸਟੂਲਾ*




**Notes:**

ਹੀਮੋਡਾਇਲਿਸਿਸ ਕਰਨ ਲਈ, ਤੁਹਾਡੇ ਖ਼ੂਨ ਦੇ ਨਾੜ ਨੂੰ ਹੀਮੋ ਮਸ਼ੀਨ ਨਾਲ ਕਨੈਕਟ ਕਰਨ ਦੇ ਤਰੀਕੇ ਦੀ ਲੋੜ ਹੁੰਦੀ ਹੈ। ਅਜਿਹਾ ਇੱਕ ਫਿਸਚੂਲਾ ਜਾਂ ਕੈਥੀਟਰ ਰਾਹੀਂ ਕੀਤਾ ਜਾ ਸਕਦਾ ਹੈ।

ਬਹੁਤੇ ਲੋਕਾਂ ਵਾਸਤੇ, ਕੈਥੀਟਰ ਦੀ ਥਾਂ ਫਿਸਚੂਲਾ ਇੱਕ ਬਿਹਤਰ ਵਿਕਲਪ ਹੁੰਦਾ ਹੈ। ਫਿਸਚੂਲਾ ਉਦੋਂ ਬਣਦਾ ਹੈ ਜਦੋਂ ਸਰਜਨ ਧਮਣੀ ਅਤੇ ਨਾੜ ਨੂੰ ਆਪਸ ਵਿੱਚ ਜੋੜ ਦਿੰਦਾ ਹੈ। ਇੱਕ ਵਾਰੀ ਜਦੋਂ ਫਿਸਚੂਲਾ ਤਿਆਰ ਹੋ ਜਾਵੇ ਤਾਂ ਇਹ ਤੁਹਾਡੇ ਸਰੀਰ ਦਾ ਕੁਦਰਤੀ ਹਿੱਸਾ ਬਣ ਜਾਂਦਾ ਹੈ ਅਤੇ ਖ਼ੂਨ ਦੇ ਬਹਾਅ ਲਈ ਵਧੀਆ ਥਾਂ ਪ੍ਰਦਾਨ ਕਰਦਾ ਹੈ ਅਤੇ ਡਾਇਲਿਸਿਸ ਕਰਨ ਲਈ ਇੱਕ ਅਜਿਹਾ ਪੁਆਇੰਟ ਢੂੰਡਣਾ ਪੈਂਦਾ ਹੈ ਜਿਹੜਾ ਕਈ ਦਹਾਕੇ ਤੱਕ ਚੱਲ ਸਕਦਾ ਹੈ।

ਫਿਸਚੂਲਾ ਨੂੰ ਤੁਰੰਤ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਹੀਮੋਡਾਇਲਿਸਿਸ ਕਰਵਾਉਣ ਤੋਂ ਕਾਫ਼ੀ ਸਮਾਂ ਪਹਿਲਾਂ ਫਿਸਚੂਲਾ ਬਣਵਾਉਣਾ ਸਭ ਤੋਂ ਵਧੀਆ ਰਹਿੰਦਾ ਹੈ ਕਿਉਂਕਿ ਇਸਨੂੰ ਤਿਆਰ ਹੋਣ ਵਿੱਚ ਸਮਾਂ ਲੱਗਦਾ ਹੈ - ਕਈ ਵਾਰੀ ਇਸਤੇਮਾਲ ਲਈ ਤਿਆਰ ਹੋਣ ਵਾਸਤੇ ਕਈ ਮਹੀਨੇ ਲਗ ਸਕਦੇ ਹਨ।

## *4.6 ਨਾੜੀ ਰਾਹੀਂ ਪਹੁੰਚ: ਕੈਥੀਟਰ*




**Notes:**

ਖ਼ੂਨ ਦੀ ਨਾੜ ਨੂੰ ਹੀਮੋ ਮਸ਼ੀਨ ਨਾਲ ਕਨੈਕਟ ਕਰਨ ਦਾ ਦੂਜਾ ਅਤੇ ਆਮ ਤੌਰ 'ਤੇ ਘੱਟ ਤਰਜੀਹੀ ਤਰੀਕਾ ਹੈ ਕੈਥੀਟਰ ਦੀ ਵਰਤੋਂ ਕਰਨਾ।

ਕੈਥੀਟਰ Y-ਸ਼ੇਪਡ ਪਲਾਸਟਿਕ ਦੀ ਟਿਊਬ ਹੁੰਦੀ ਹੈ ਜਿਹੜੀ ਤੁਹਾਡੀ ਧੌਣ ਦੀ ਨਾੜ ਵਿੱਚ ਪਾ ਦਿੱਤੀ ਜਾਂਦੀ ਹੈ

ਪਹੁੰਚ ਦਾ ਇਹ ਤਰੀਕਾ ਆਮ ਤੌਰ 'ਤੇ ਇਮਰਜੈਂਸੀ ਹਾਲਾਤ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ - ਉਦਾਹਰਨ ਵਜੋਂ, ਫਿਸਚੂਲਾ ਜਾਂ ਗਰਾਫ਼ਟ ਤਿਆਰ ਹੋਣ ਤੋਂ ਪਹਿਲਾਂ ਜਦੋਂ ਤੁਸੀਂ ਡਾਇਲਿਸਿਸ ਸ਼ੁਰੂ ਕਰਨਾ ਹੋਵੇ।


Presentation © BC Renal, December 2020

## *4.7 ਫਿਸਟੁਲਾ ਦੇ ਫਾਇਦੇ*




**Notes:**

ਬਹੁਤੇ ਲੋਕਾਂ ਵਾਸਤੇ, ਫਿਸਚੁਲਾ ਇੱਕ ਵਧੀਆ ਚੋਣ ਹੁੰਦੀ ਹੈ ਕਿਉਂਕਿ ਇਹ:

- ਸਭ ਤੋਂ ਵਧੀਆ ਢੰਗ ਨਾਲ ਕੰਮ ਕਰਦੀ ਹੈ
- ਸਭ ਤੋਂ ਲੰਬਾ ਸਮਾਂ ਚੱਲਦੀ ਹੈ
- ਇਸ ਵਿੱਚ ਇਨਫੈਕਸ਼ਨ ਜਿਹਾਂ ਗੁੰਝਲਾਂ ਘੱਟ ਪੈਦਾ ਹੁੰਦੀਆਂ ਹਨ
- ਇਸ ਨਾਲ ਨਹਾਉਣਾ ਅਤੇ ਤੈਰਨਾ ਸੁਰੱਖਿਅਤ ਰਹਿੰਦਾ ਹੈ
- ਹਸਪਤਾਲ ਵਿੱਚ ਦਾਖ਼ਲੇ ਦੀ ਘੱਟ ਲੋੜ ਪੈਂਦੀ ਹੈ


Presentation © BC Renal, December 2020

## *4.8 ਹੀਮੋਡਾਇਐਲਾਸਿਸ ਦੇ ਵਿਕਲਪ*




**Notes:**

ਹੀਮੋਡਾਇਲਿਸਿਸ ਦੀਆਂ ਦੋ ਬੁਨਿਆਦੀ ਕਿਸਮਾਂ ਹਨ: ਘਰ ਵਿੱਚ ਰਹਿ ਕੇ ਕੀਤਾ ਜਾਣ ਵਾਲਾ ਅਤੇ ਕਲੀਨਿਕ ਵਿੱਚ ਕੀਤਾ ਜਾਣ ਵਾਲਾ।

ਘਰ ਵਿੱਚ ਕੀਤਾ ਜਾਣ ਵਾਲਾ ਹੀਮੋ ਘਰੇ ਰਹਿ ਕੇ ਹੋ ਸਕਦਾ ਹੈ।ਤੁਸੀਂ ਇਸ ਨੂੰ ਆਪਣੇ ਸਮੇਂ ਮੁਤਾਬਕ ਕਰ ਸਕਦੇ ਹੋ, ਇਸ ਲਈ ਇਸਦਾ ਸਕੈਡਰਲ ਤੁਹਾਡੇ ਉਪਰ ਨਿਰਭਰ ਕਰਦਾ ਹੈ, ਇੰਜ ਇਹ ਬਹੁਤ ਲਚਕਦਾਰ ਪ੍ਰਦਾਨ ਕਰਦਾ ਹੈ



Presentation © BC Renal, December 2020

## *4.9 ਘਰ ਵਿੱਚ ਰਹਿ ਕੇ ਕੀਤਾ ਜਾਣ ਵਾਲਾ ਹੀਮੋਡਾਇਲਿਸਿਸ ਬਨਾਮ ਕਲੀਨਿਕ ਵਿੱਚ ਕੀਤਾ ਜਾਣ ਵਾਲਾ ਹੀਮੋਡਾਇਲਿਸਿਸ*



ਘਰ ਰਹਿ ਕੇ ਕੀਤਾ ਜਾਣ ਵਾਲਾ ਡਾਇਐਲਾਸਿਸ



ਕਲੀਨਿਕ ਵਿੱਚ ਕੀਤਾ ਜਾਣ ਵਾਲਾ ਡਾਇਐਲਾਸਿਸ

- ਹਰ ਇੱਕ ਦੇ ਕੀ ਫਾਇਦੇ ਹਨ?
- ਚੋਣ ਕਰਨ ਤੋਂ ਪਹਿਲਾਂ ਤੁਸੀਂ ਕਿਹੜੀਆਂ ਚੀਜ਼ਾਂ ਬਾਰੇ ਸੋਚੋਗੇ?

**Notes:**

ਇਹ ਹੈ ਹੀਮੋਡਾਇਲਿਸਿਸ ਕਰਵਾਉਣ ਵਾਲੇ ਦੋ ਲੋਕਾਂ ਦੀ ਤਸਵੀਰ।ਇੱਕ ਪਾਸੇ ਘਰ ਵਿੱਚ ਰਹਿ ਕੇ ਕੀਤੀ ਜਾਣ ਵਾਲੀ ਹੀਮੋ ਹੈ, ਅਤੇ ਦੂਜੇ ਪਾਸੇ ਕਲੀਨਿਕ ਵਿੱਚ ਜਾ ਕੇ ਕੀਤੀ ਜਾਣ ਵਾਲੀ ਹੀਮੋ। ਇਹਨਾਂ ਤਸਵੀਰਾਂ ਨੂੰ ਦੇਖਦੇ ਹੋਏ, ਦੋਨੋਂ ਵਿਕਲਪਾਂ ਦੇ ਵੱਖ-ਵੱਖ ਫਾਇਦਿਆਂ ਬਾਰੇ ਸੋਚੋ - ਅਤੇ ਇਹ ਵਿਚਾਰ ਕਰੋ ਕਿ ਇਹਨਾਂ ਵਿੱਚੋਂ ਤੁਹਾਡੇ ਲਈ ਕਿਹੜਾ ਵਿਕਲਪ ਵਧੀਆ ਰਹੇਗਾ।

BCRenal
Provincial Health Services Authority
Presentation © BC Renal, December 2020

## *4.10 ਘਰ ਵਿੱਚ ਰਹਿ ਕੇ ਕੀਤਾ ਜਾਣ ਵਾਲਾ ਹੀਮੋਡਾਇਲਿਸਿਸ*




**Notes:**

ਕਲੀਨਿਕ ਵਿੱਚ ਕੀਤੀ ਜਾਣ ਵਾਲੇ ਡਾਇਲਿਸਿਸ ਦੇ ਮੁਕਾਬਲੇ ਘਰ ਵਿੱਚ ਕੀਤੀ ਜਾਣ ਵਾਲਾ ਡਾਇਲਿਸਿਸ ਤੁਹਾਨੂੰ ਆਪਣੇ ਸਕੈਡਰਲ ਵਿੱਚ ਵਧੇਰੇ ਖੁੱਲ੍ਹ ਪ੍ਰਦਾਨ ਕਰਦਾ ਹੈ।ਕਿਉਂਕਿ ਤੁਸੀਂ ਇਸ ਨੂੰ ਜ਼ਿਆਦਾ ਵਾਰ ਅਤੇ ਜ਼ਿਆਦਾ ਸਮੇਂ ਲਈ ਕਰ ਸਕਦੇ ਹੋ, ਇਸ ਲਈ ਇਹ ਤੁਹਾਡੇ ਸਰੀਰ ’ਤੇ ਕੋਮਲ ਰਹਿੰਦਾ ਹੈ।ਇਸਦਾ ਮਤਲਬ ਹੈ ਕਿ ਤੁਹਾਡੇ ਵਿੱਚ ਜ਼ਿਆਦਾ ਊਰਜਾ ਹੋਵੇਗੀ ਅਤੇ ਤੁਸੀਂ ਆਮ ਤੌਰ 'ਤੇ ਬਿਹਤਰ ਮਹਿਸੂਸ ਕਰੋਂਗੇ

ਇਸਦਾ ਮਤਲਬ ਇਹ ਵੀ ਹੈ ਕਿ ਤੁਹਾਨੂੰ ਘੱਟ ਦਵਾਈਆਂ ਲੈਣੀਆਂ ਪੈਣਗੀਆਂ। ਅਤੇ ਤੁਹਾਨੂੰ ਖਾਣ ਪੀਣ ਦੀ ਵਧੇਰੇ ਖੁੱਲ੍ਹ ਮਿਲੇਗੀ ਕਿਉਂਕਿ ਤੁਹਾਡਾ ਖ਼ੂਨ ਅਕਸਰ ਸਾਫ਼ ਹੋ ਰਹੇ ਹੈ। ਅਤੇ ਯਾਤਰਾ ਕਰਨ ਲਈ ਵੀ ਆਸਾਨ ਹੈ।

ਜੇ ਤੁਸੀਂ ਘਰ ਵਿੱਚ ਹੀਮੋ ਕਰ ਰਹੇ ਹੋ ਤਾਂ ਤੁਹਾਨੂੰ ਸਹਾਰਾ ਦੇਣ ਵਾਲੇ ਇੱਕ ਟੀਮ ਨਿਰਧਾਰਿਤ ਕੀਤੀ ਜਾਵੇਗੀ - ਤਾਂ ਕਿ ਤੁਸੀਂ ਕਿਸੇ ਵੀ ਸਮੇਂ ਸਵਾਲ ਪੁੱਛ ਸਕੋ ਅਤੇ ਉਨ੍ਹਾਂ ਦੇ ਜਵਾਬ ਹਾਸਿਲ ਕਰ ਸਕੋ

ਘਰ ਵਿੱਚ ਹੀਮੋ ਸ਼ੁਰੂ ਕਰਨ ਤੋਂ ਪਹਿਲਾਂ ਰੀਨਲ ਪ੍ਰੋਗਰਾਮ ਵੱਲੋਂ ਤੁਹਾਨੂੰ ਪੂਰੇ ਵੇਰਵੇ ਸਿਹਤ ਟ੍ਰੇਨਿੰਗ ਦਿੱਤੀ ਜਾਵੇਗੀ। ਤੁਹਾਨੂੰ ਹੀਮੋ ਲਈ ਸਾਜ਼ੋ-ਸਾਮਾਨ ਦੀ ਲੋੜ ਵੀ ਪਵੇਗੀ। ਜੋ ਕਿ ਤੁਹਾਡੇ ਕੋਲ ਡਿਲੀਵਰ ਕਰ ਦਿੱਤਾ ਜਾਵੇਗਾ, ਅਤੇ ਇਸਦਾ ਖ਼ਰਚਾ ਰੀਨਲ ਪ੍ਰੋਗਰਾਮ ਵੱਲੋਂ ਅਦਾ ਕੀਤਾ ਜਾਵੇਗਾ।


Presentation © BC Renal, December 2020

## *4.11 ਕਲੀਨਿਕ ਵਿੱਚ ਕੀਤਾ ਜਾਣ ਵਾਲਾ ਹੀਮੋਡਾਇਲਿਸਿਸ*




**Notes:**

ਹੀਮੋਡਾਇਲਿਸਿਸ ਦੀ ਦੂਜੀ ਕਿਸਮ ਤਹਿਤ ਕਲੀਨਿਕ ਵਿੱਚ ਡਾਇਲਿਸਿਸ ਕੀਤਾ ਜਾਂਦਾ ਹੈ।

ਕੁਝ ਲੋਕ ਤਰਜੀਹ ਦਿੰਦੇ ਹਨ ਕਿ ਉਹਨਾਂ ਦੇ ਡਾਇਲਿਸਿਸ ਦਾ ਬਹੁਤਾ ਕੰਮ ਕੋਈ ਦੂਜਾ ਵਿਅਕਤੀ ਕਰੇ। ਉਹਨਾਂ ਨੂੰ ਕਲੀਨਿਕ ਵਿੱਚ ਕੀਤੀ ਜਾਣ ਵਾਲੀ ਹੀਮੋ ਤੋਂ ਵੀ ਫਾਇਦਾ ਮਿਲਦਾ ਹੈ।

ਕੁਝ ਕਲੀਨਿਕਸ ਵਿੱਚ ਤੁਸੀਂ ਰਾਤ ਨੂੰ ਡਾਇਲਿਸਿਸ ਕਰਵਾਉਂਦੇ ਹੋਏ ਸੌਂ ਸਕਦੇ ਹੋ - ਇੰਜ ਤੁਹਾਡੇ ਦਿਨ ਦਾ ਸਮਾਂ ਦਿੰਦਾ ਰਹਿੰਦਾ ਹੈ

ਦੂਜੇ ਪਾਸੇ, ਕਲੀਨਿਕ ਵਿੱਚ ਕੀਤੀ ਜਾਣ ਵਾਲੇ ਡਾਇਲਿਸਿਸ ਵਿੱਚ ਸਕੈਡਰਲ ਦੀ ਬਹੁਤੀ ਖੁੱਲ੍ਹ ਨਹੀਂ ਰਹਿੰਦੀ। ਤੁਹਾਡੀ ਡਾਇਲਿਸਿਸ ਦਾ ਸਮਾਂ ਤੈਅ ਹੋਣ ਦਾ - ਆਮ ਤੌਰ 'ਤੇ 4 ਘੰਟੇ, ਹਫਤੇ ਵਿੱਚ 3 ਵਾਰੀ। ਤੁਹਾਡਾ ਹਰ ਡਾਇਲਿਸਿਸ ਇੱਕੋ ਸੈਂਟਰ ਵਿਖੇ ਕੀਤਾ ਜਾਂਦਾ ਹੈ।

ਘਰ ਵਿੱਚ ਡਾਇਲਿਸਿਸ ਕਰਨ ਦੇ ਮੁਕਾਬਲੇ ਕਲੀਨਿਕ ਵਿੱਚ ਡਾਇਲਿਸਿਸ ਕਰਾਉਂਦੇ ਹੋਏ ਯਾਤਰਾ ਕਰਨੀ ਮੁਸ਼ਕਿਲ ਹੁੰਦੀ ਹੈ।

# Section 5. ਕਨਸਰਵੇਟਿਵ ਦੇਖਭਾਲ





Presentation © BC Renal, December 2020

## *5.1 ਕਨਸਰਵੇਟਿਵ ਦੇਖਭਾਲ*




**Notes:**

ਇਸ ਪੇਸ਼ਕਾਰੀ ਦਾ ਆਖ਼ਿਰੀ ਹਿੱਸਾ ਕੰਜ਼ਰਵੇਟਿਵ ਦੇਖਭਾਲ ਬਾਰੇ ਹੈ।

## *5.2 ਕਨਸਰਵੇਟਿਵ ਦੇਖਭਾਲ*

# ਕਨਸਰਵੇਟਿਵ ਦੇਖਭਾਲ

ਕੁਝ ਲੋਕ ਇਹ ਫੈਸਲਾ ਕਰਦੇ ਹਨ ਕਿ ਉਹ ਨਾ ਤਾਂ ਟ੍ਰਾਂਸਪਲਾਂਟ ਕਰਵਾਉਣਗੇ ਅਤੇ ਨਾ ਹੀ ਡਾਇਲਿਸਿਸ ਕਰਵਾਉਣਗੇ




ਤੁਹਾਡੇ ਮੁਤਾਬਕ ਕੁਝ ਲੋਕ ਕਨਸਰਵੇਟਿਵ ਦੇਖਭਾਲ ਦੀ ਚੋਣ ਕਿਉਂ ਕਰਨਗੇ?

**Notes:**

ਕੰਜ਼ਰਵੇਟਿਵ ਦੇਖਭਾਲ ਦਾ ਮਤਲਬ ਹੈ ਕਿ ਇਹ ਚੋਣ ਕਰਨੀ ਕਿ ਡਾਇਲਿਸਿਸ ਵੀ ਨਹੀਂ ਕਰਵਾਉਣਾ ਅਤੇ ਗੁਰਦਾ ਟ੍ਰਾਂਸਪਲਾਂਟ ਵੀ ਨਹੀਂ ਕਰਵਾਉਣਾ।

## *5.3 ਕਨਸਰਵੇਟਿਵ ਦੇਖਭਾਲ*




**Notes:**

ਜੇ ਤੁਸੀਂ ਕੰਜ਼ਰਵੇਟਿਵ ਦੇਖਭਾਲ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਮੈਡੀਕਲ ਦੇਖਭਾਲ ਫਿਰ ਵੀ ਮਿਲਦੀ ਰਹੇਗੀ - ਤੁਹਾਡੀ ਸਿਹਤ ਸੰਭਾਲ ਟੀਮ ਹਰ ਕਦਮ ਤੁਹਾਡੇ ਨਾਲ ਰਹੇਗੀ।ਡਾਇਲਿਸਿਸ ਨਾ ਕਰਵਾਉਣ ਦੀ ਚੋਣ ਕਰਨ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਡੇ ਵਾਸਤੇ ਬਾਕੀ ਦੇ ਟ੍ਰੀਟਮੈਂਟ ਵੀ ਉਪਲਬਧ ਨਹੀਂ ਹਨ।


Presentation © BC Renal, December 2020

## *5.4 ਕਨਸਰਵੇਟਿਵ ਦੇਖਭਾਲ*

ਕਨਸਰਵੇਟਿਵ ਦੇਖਭਾਲ




- ਤੁਹਾਨੂੰ ਮੈਡੀਕਲ ਦੇਖਭਾਲ ਮਿਲਣੀ ਜਾਰੀ ਰਹੇਗੀ
- ਟ੍ਰੀਟਮੈਂਟ ਤਕਲੀਫ ਦੇ ਲੱਛਣ ਘਟਾਉਣ ਅਤੇ ਆਰਾਮ ਪ੍ਰਦਾਨ ਕਰਨ ਵੱਲ ਧਿਆਨ ਦਿੰਦਾ ਹੈ

**Notes:**

ਕਿਸੇ ਅਜਿਹੇ ਵਿਅਕਤੀ ਵਾਸਤੇ ਦੇਖਭਾਲ 'ਤੇ ਫੋਕਸ ਕਰਨਾ ਜੋ ਇਸ ਵਿਕਲਪ ਦੀ ਚੋਣ ਕਰਦਾ ਹੈ, ਉਹਨਾਂ ਦੇ ਕੰਮ ਨਾ ਕਰਨ ਵਾਲੇ ਗੁਰਦਿਆਂ ਦੇ ਲੱਛਣਾਂ ਨੂੰ ਘੱਟ ਕਰਨਾ ਅਤੇ ਉਹਨਾਂ ਨੂੰ ਜਿੰਨਾ ਸੰਭਵ ਹੋ ਸਕੇ ਉਨ੍ਹਾਂ ਆਰਾਮਦਾਇਕ ਬਣਾਉਣਾ ਹੈ।


Presentation © BC Renal, December 2020

## *5.5 ਕਨਸਰਵੇਟਿਵ ਦੇਖਭਾਲ*




**Notes:**

ਜੇ ਤੁਸੀਂ ਕੰਜ਼ਰਵੇਟਿਵ ਦੇਖਭਾਲ ਬਾਰੇ ਜ਼ਿਆਦਾ ਜਾਣਨਾ ਚਾਹੁੰਦੇ ਹੋ, ਤਾਂ ਆਪਣੀ ਸਿਹਤ ਦੇਖਭਾਲ ਟੀਮ ਨਾਲ ਗੱਲ ਕਰੋ।


Presentation © BC Renal, December 2020

# Section 6. ਰੈਪ ਅੱਪ



Presentation © BC Renal, December 2020

## *6.1 ਆਓ ਫਟਾਫਟ ਸਮੀਖਿਆ ਕਰੀਏ*




**Notes:**

ਇਸ ਪੇਸ਼ਕਾਰੀ ਵਿੱਚ ਪਹਿਲਾਂ ਵਿਕਲਪ ਜਿਸ ਬਾਰੇ ਗੱਲ ਕੀਤੀ ਗਈ ਸੀ ਉਹ ਸੀ ਗੁਰਦੇ ਦਾ ਟ੍ਰਾਂਸਪਲਾਂਟ।

ਟ੍ਰਾਂਸਪਲਾਂਟ ਲਈ ਗੁਰਦਾ ਜਿਊਂਦੇ ਦਾਨੀ ਜਾਂ ਮ੍ਰਿਤਕ ਦਾਨੀ ਤੋਂ ਆ ਸਕਦਾ ਹੈ।

ਮ੍ਰਿਤਕ ਦਾਨੀਆਂ ਵਾਲੀ ਰਜਿਸਟਰੀ ਰਾਹੀਂ ਮ੍ਰਿਤਕ ਦਾਨੀ ਤੋਂ ਮਿਲਣ ਵਾਲੇ ਗੁਰਦੇ ਦੇ ਮੁਕਾਬਲੇ ਜਿਊਂਦੇ ਦਾਨੀ ਤੋਂ ਗੁਰਦਾ ਛੇਤੀ ਮਿਲ ਜਾਵੇਗਾ - ਰਜਿਸਟਰੀ ਰਾਹੀਂ ਮ੍ਰਿਤਕ ਦਾਨੀ ਦਾ ਗੁਰਦਾ ਮਿਲਣ ਵਿੱਚ ਕਈ ਸਾਲ ਲੱਗ ਸਕਦੇ ਹਨ। ਤੁਸੀਂ ਅਤੇ ਆਪਣੇ ਜਿਊਂਦੇ ਜੀ ਤੁਹਾਨੂੰ ਗੁਰਦਾ ਦਾਨ ਕਰਨ ਵਾਲਾ ਵਿਅਕਤੀ ਦੋਨੋਂ ਹੀ ਜਨੇ ਇੱਕ ਇੱਕ ਗੁਰਦੇ ਨਾਲ ਸਿਹਤਮੰਦ ਜ਼ਿੰਦਗੀ ਬਤੀਤ ਕਰ ਸਕਦੇ ਹੋ।

Presentation © BC Renal, December 2020

## *6.2 ਗੁਰਦੇ ਦਾ ਟ੍ਰਾਂਸਪਲਾਂਟ*




**Notes:**

ਇਸ ਪੇਸ਼ਕਾਰੀ ਵਿੱਚ ਪਹਿਲਾਂ ਵਿਕਲਪ ਜਿਸ ਬਾਰੇ ਗੱਲ ਕੀਤੀ ਗਈ ਸੀ ਉਹ ਸੀ ਗੁਰਦੇ ਦਾ ਟ੍ਰਾਂਸਪਲਾਂਟ।

ਟ੍ਰਾਂਸਪਲਾਂਟ ਲਈ ਗੁਰਦਾ ਜਿਊਂਦੇ ਦਾਨੀ ਜਾਂ ਮ੍ਰਿਤਕ ਦਾਨੀ ਤੋਂ ਆ ਸਕਦਾ ਹੈ।

ਮ੍ਰਿਤਕ ਦਾਨੀਆਂ ਵਾਲੀ ਰਜਿਸਟਰੀ ਰਾਹੀਂ ਮ੍ਰਿਤਕ ਦਾਨੀ ਤੋਂ ਮਿਲਣ ਵਾਲੇ ਗੁਰਦੇ ਦੇ ਮੁਕਾਬਲੇ ਜਿਊਂਦੇ ਦਾਨੀ ਤੋਂ ਗੁਰਦਾ ਛੇਤੀ ਮਿਲ ਜਾਵੇਗਾ - ਰਜਿਸਟਰੀ ਰਾਹੀਂ ਮ੍ਰਿਤਕ ਦਾਨੀ ਦਾ ਗੁਰਦਾ ਮਿਲਣ ਵਿੱਚ ਕਈ ਸਾਲ ਲੱਗ ਸਕਦੇ ਹਨ। ਤੁਸੀਂ ਅਤੇ ਆਪਣੇ ਜਿਊਂਦੇ ਜੀ ਤੁਹਾਨੂੰ ਗੁਰਦਾ ਦਾਨ ਕਰਨ ਵਾਲਾ ਵਿਅਕਤੀ ਦੋਨੋਂ ਹੀ ਜਨੇ ਇੱਕ ਇੱਕ ਗੁਰਦੇ ਨਾਲ ਸਿਹਤਮੰਦ ਜ਼ਿੰਦਗੀ ਬਤੀਤ ਕਰ ਸਕਦੇ ਹੋ।

Presentation © BC Renal, December 2020

## *6.3 ਡਾਇਐਲਾਸਿਸ*



**Notes:**

ਅਸੀਂ ਇਸ ਪੇਸ਼ਕਾਰੀ ਵਿੱਚ ਡਾਇਲਿਸਿਸ ਦੇ ਵੀ ਅਨੇਕਾਂ ਵਿਕਲਪਾਂ ਬਾਰੇ ਗੱਲ ਕੀਤੀ। ਇੱਕ ਸੰਖੇਪ ਚਾਰਟ ਦੇ ਤੌਰ 'ਤੇ, ਤੁਹਾਨੂੰ ਫਿਰ ਦੱਸ ਦੇਈਏ ਕਿ ਡਾਇਲਿਸਿਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ: ਪੀ.ਡੀ. ਅਤੇ ਹੀਮੋ।

ਪੀ.ਡੀ. ਵਾਸਤੇ ਤੁਹਾਡੇ ਢਿੱਡ ਵਿੱਚ ਕੈਥੀਟਰ ਪਾਉਣ ਦੀ ਲੋੜ ਪੈਂਦੀ ਹੈ ਅਤੇ ਤੁਸੀਂ ਇਸਨੂੰ ਦਿਨ ਵਿੱਚ ਮੈਨੂਅਲੀ ਜਾਂ ਰਾਤ ਨੂੰ ਮਸ਼ੀਨ ਦੇ ਸਹਾਰੇ ਨਾਲ ਕਰਦੇ ਹੋ।

ਹੀਮੋਡਾਇਲਿਸਿਸ ਲਈ ਫਿਸਚੁਲਾ ਦੀ ਲੋੜ ਪੈਂਦੀ ਹੈ - ਜੋ ਕਿ ਤੁਹਾਡੇ ਡਾਇਲਿਸਿਸ ਸ਼ੁਰੂ ਕਰਨ ਤੋਂ ਕਾਫ਼ੀ ਪਹਿਲਾਂ ਤੁਹਾਡੀ ਬਾਂਹ ਵਿੱਚ ਬਣਾਉਣੀ ਪੈਂਦੀ ਹੈ। ਹੀਮੋ ਤੁਸੀਂ ਆਪਣੇ ਆਪ ਘਰ ਵਿੱਚ ਜਾਂ ਡਾਇਲਿਸਿਸ ਕਲੀਨਿਕ ਵਿਖੇ ਕਰ ਸਕਦੇ ਹੋ।ਜਾਂ ਨਿਰਭਰ ਹੋਕੇ - ਕਿਸੇ ਹਸਪਤਾਲ ਜਾਂ ਡਾਇਲਸਿਸ ਸੈਂਟਰ ਵਿੱਚ।


Presentation © BC Renal, December 2020

## *6.4 ਡਾਇਐਲਾਸਿਸ*




**Notes:**

ਅਸੀਂ ਇਸ ਪੇਸ਼ਕਾਰੀ ਵਿੱਚ ਡਾਇਲਿਸਿਸ ਦੇ ਵੀ ਅਨੇਕਾਂ ਵਿਕਲਪਾਂ ਬਾਰੇ ਗੱਲ ਕੀਤੀ। ਇੱਕ ਸੰਖੇਪ ਚਾਰਟ ਦੇ ਤੌਰ ’ਤੇ, ਤੁਹਾਨੂੰ ਫਿਰ ਦੱਸ ਦੇਈਏ ਕਿ ਡਾਇਲਿਸਿਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ: ਪੀ.ਡੀ. ਅਤੇ ਹੀਮੋ।

ਪੀ.ਡੀ. ਵਾਸਤੇ ਤੁਹਾਡੇ ਢਿੱਡ ਵਿੱਚ ਕੈਥੀਟਰ ਪਾਉਣ ਦੀ ਲੋੜ ਪੈਂਦੀ ਹੈ ਅਤੇ ਤੁਸੀਂ ਇਸਨੂੰ ਦਿਨ ਵਿੱਚ ਮੈਨੂਅਲੀ ਜਾਂ ਰਾਤ ਨੂੰ ਮਸ਼ੀਨ ਦੇ ਸਹਾਰੇ ਨਾਲ ਕਰਦੇ ਹੋ।

ਹੀਮੋਡਾਇਲਿਸਿਸ ਲਈ ਫਿਸਚੂਲਾ ਦੀ ਲੋੜ ਪੈਂਦੀ ਹੈ - ਜੋ ਕਿ ਤੁਹਾਡੇ ਡਾਇਲਿਸਿਸ ਸ਼ੁਰੂ ਕਰਨ ਤੋਂ ਕਾਫ਼ੀ ਪਹਿਲਾਂ ਤੁਹਾਡੀ ਬਾਂਹ ਵਿੱਚ ਬਣਾਉਣੀ ਪੈਂਦੀ ਹੈ। ਹੀਮੋ ਤੁਸੀਂ ਆਪਣੇ ਆਪ ਘਰ ਵਿੱਚ ਜਾਂ ਡਾਇਲਿਸਿਸ ਕਲੀਨਿਕ ਵਿਖੇ ਕਰ ਸਕਦੇ ਹੋ।ਜਾਂ ਨਿਰਭਰ ਹੋਕੇ - ਕਿਸੇ ਹਸਪਤਾਲ ਜਾਂ ਡਾਇਲਸਿਸ ਸੈਂਟਰ ਵਿੱਚ।


Presentation © BC Renal, December 2020

## *6.5 ਡਾਇਐਲਾਸਿਸ*




**Notes:**


ਅਸੀਂ ਇਸ ਪੇਸ਼ਕਾਰੀ ਵਿੱਚ ਡਾਇਲਿਸਿਸ ਦੇ ਵੀ ਅਨੇਕਾਂ ਵਿਕਲਪਾਂ ਬਾਰੇ ਗੱਲ ਕੀਤੀ। ਇੱਕ ਸੰਖੇਪ ਚਾਰਟ ਦੇ ਤੌਰ 'ਤੇ, ਤੁਹਾਨੂੰ ਫਿਰ ਦੱਸ ਦੇਈਏ ਕਿ ਡਾਇਲਿਸਿਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ: ਪੀ.ਡੀ. ਅਤੇ ਹੀਮੋ।

ਪੀ.ਡੀ. ਵਾਸਤੇ ਤੁਹਾਡੇ ਢਿੱਡ ਵਿੱਚ ਕੈਥੀਟਰ ਪਾਉਣ ਦੀ ਲੋੜ ਪੈਂਦੀ ਹੈ ਅਤੇ ਤੁਸੀਂ ਇਸਨੂੰ ਦਿਨ ਵਿੱਚ ਮੈਨੂਅਲੀ ਜਾਂ ਰਾਤ ਨੂੰ ਮਸ਼ੀਨ ਦੇ ਸਹਾਰੇ ਨਾਲ ਕਰਦੇ ਹੋ।

ਹੀਮੋਡਾਇਲਿਸਿਸ ਲਈ ਫਿਸਚੂਲਾ ਦੀ ਲੋੜ ਪੈਂਦੀ ਹੈ - ਜੋ ਕਿ ਤੁਹਾਡੇ ਡਾਇਲਿਸਿਸ ਸ਼ੁਰੂ ਕਰਨ ਤੋਂ ਕਾਫ਼ੀ ਪਹਿਲਾਂ ਤੁਹਾਡੀ ਬਾਂਹ ਵਿੱਚ ਬਣਾਉਣੀ ਪੈਂਦੀ ਹੈ। ਹੀਮੋ ਤੁਸੀਂ ਆਪਣੇ ਆਪ ਘਰ ਵਿੱਚ ਜਾਂ ਡਾਇਲਿਸਿਸ ਕਲੀਨਿਕ ਵਿਖੇ ਕਰ ਸਕਦੇ ਹੋ।ਜਾਂ ਨਿਰਭਰ ਹੋਕੇ - ਕਿਸੇ ਹਸਪਤਾਲ ਜਾਂ ਡਾਇਲਸਿਸ ਸੈਂਟਰ ਵਿੱਚ।


Presentation © BC Renal, December 2020

## *6.6 ਕਨਸਰਵੇਟਿਵ ਦੇਖਭਾਲ*




**Notes:**

ਇਸ ਪੇਸ਼ਕਾਰੀ ਦੇ ਅੰਤ ਵਿੱਚ ਅਸੀਂ ਕੰਜ਼ਰਵੇਟਿਵ ਦੇਖਭਾਲ ਦੇ ਵਿਕਲਪ ਬਾਰੇ ਗੱਲ ਕੀਤੀ। ਇਹ ਉਹ ਸਥਿਤੀ ਹੁੰਦੀ ਹੈ ਜਦੋਂ ਗੁਰਦੇ ਫੇਲ੍ਹ ਹੋਣੇ ਸ਼ੁਰੂ ਹੋਣ ’ਤੇ ਤੁਸੀਂ ਡਾਇਲਿਸਿਸ ਕਰਵਾਉਣ ਜਾਂ ਗੁਰਦਾ ਬਦਲਵਾਉਣ ਦੋਨੋਂ ਤੋਂ ਹੀ ਇਨਕਾਰ ਕਰ ਦੇਣੇ। ਇਸ ਸਥਿਤੀ ਵਿੱਚ ਤੁਹਾਡੀ ਮੈਡੀਕਲ ਦੇਖਭਾਲ ਦਾ ਟੀਚਾ ਤੁਹਾਨੂੰ ਆਰਾਮ ਪਹੁੰਚਾਣਾ ਹੁੰਦਾ ਹੈ।

Presentation © BC Renal, December 2020

## *6.7 ਆਪਣੀ ਗੁਰਦਾ ਦੇਖਭਾਲ ਟੀਮ ਨਾਲ ਗੱਲ ਕਰੋ*




**Notes:**

ਇਸ ਪੇਸ਼ਕਾਰੀ ਵਿੱਚ ਦੱਸੇ ਸਾਰੇ ਵਿਕਲਪਾਂ ਦੇ ਫਾਇਦੇ ਅਤੇ ਨੁਕਸਾਨ ਹਨ।ਆਪਣੇ ਲਈ ਸਭ ਤੋਂ ਵਧੀਆ ਵਿਕਲਪ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਧਿਆਨ ਨਾਲ ਇਹਨਾਂ ਬਾਰੇ ਵਿਚਾਰ ਕਰਨਾ ਪਵੇਗਾ। ਇਹ ਔਖਾ ਹੋ ਸਕਦਾ ਹੈ - ਪਰ ਯਾਦ ਰੱਖਣਾ, ਤੁਸੀਂ ਇਕੱਲੇ ਨਹੀਂ ਹੋ। ਆਪਣੇ ਟ੍ਰੀਟਮੈਂਟ ਦੇ ਵਿਕਲਪਾਂ ਬਾਰੇ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਆਪਣੇ ਗੁਰਦਾ ਦੇਖਭਾਲ ਟੀਮ ਨਾਲ ਉਹਨਾਂ ਬਾਰੇ ਬੇਝਿਜ਼ਕ ਹੋ ਕੇ ਗੱਲ ਕਰੋ। ਤੁਹਾਡੀ ਸਥਿਤੀ ਮੁਤਾਬਕ ਤੁਹਾਡੇ ਲਈ ਸਭ ਤੋਂ ਵਧੀਆ ਵਿਕਲਪ ਚੁਣਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੀ ਟੀਮ ਮੌਜੂਦ ਹੈ।


Presentation © BC Renal, December 2020

## *6.8 ਆਪਣੀ ਗੁਰਦਾ ਦੇਖਭਾਲ ਟੀਮ ਨਾਲ ਗੱਲ ਕਰੋ*



**Notes:**

ਇਸ ਪੇਸ਼ਕਾਰੀ ਵਿੱਚ ਦੱਸੇ ਸਾਰੇ ਵਿਕਲਪਾਂ ਦੇ ਫਾਇਦੇ ਅਤੇ ਨੁਕਸਾਨ ਹਨ।ਆਪਣੇ ਲਈ ਸਭ ਤੋਂ ਵਧੀਆ ਵਿਕਲਪ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਧਿਆਨ ਨਾਲ ਇਹਨਾਂ ਬਾਰੇ ਵਿਚਾਰ ਕਰਨਾ ਪਵੇਗਾ। ਇਹ ਔਖਾ ਹੋ ਸਕਦਾ ਹੈ - ਪਰ ਯਾਦ ਰੱਖਣਾ, ਤੁਸੀਂ ਇਕੱਲੇ ਨਹੀਂ ਹੋ। ਆਪਣੇ ਟ੍ਰੀਟਮੈਂਟ ਦੇ ਵਿਕਲਪਾਂ ਬਾਰੇ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਆਪਣੇ ਗੁਰਦਾ ਦੇਖਭਾਲ ਟੀਮ ਨਾਲ ਉਹਨਾਂ ਬਾਰੇ ਬੇਝਿਝਕ ਹੋ ਕੇ ਗੱਲ ਕਰੋ। ਤੁਹਾਡੀ ਸਥਿਤੀ ਮੁਤਾਬਕ ਤੁਹਾਡੇ ਲਈ ਸਭ ਤੋਂ ਵਧੀਆ ਵਿਕਲਪ ਚੁਣਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੀ ਟੀਮ ਮੌਜੂਦ ਹੈ।

Presentation © BC Renal, December 2020